ਚੋਣਵੀਂ ਪੰਜਾਬੀ

ਬਾਰ੍ਹਵੀਂ ਸ੍ਰੇਣੀ

ਨਮੂਨਾ ਪ੍ਰਸ਼ਨ-ਪੱਤਰ (2024-25)

ਸਮਾਂ: 3 ਘੰਟੇ | ਅੰਕ: 80

ਆਂਤਰਿਕ ਮੁਲਾਂਕਣ: 20

ਕੁੱਲ ਅੰਕ: 100

**(1)** ਪ੍ਰਸ਼ਨ-ਪੱਤਰ ਦੇ ਕੁੱਲ **7** ਪ੍ਰਸ਼ਨ ਹਨ।

**(2)** ਸਾਰੇ ਪ੍ਰਸ਼ਨ ਜ਼ਰੂਰੀ ਹਨ।

**(3)** ਵਸਤੂਨਿਸਠ ਪ੍ਰਸ਼ਨਾਂ ਦੇ ਭਾਗ (ੳ) (ਅ) (ੲ) ਅਤੇ (ਸ) ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ।

1. ਵਸਤੂਨਿਸ਼ਠ ਪ੍ਰਸ਼ਨ: 20x1=20

ਭਾਗ (**ੳ**) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:

1. ਸ਼ੇਖ਼ ਫ਼ਰੀਦ ਜੀ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹਨ ?
2. 'ਮੱਧ-ਕਾਲੀਨ ਪੰਜਾਬੀ-ਕਾਵਿ ( ਝਲਕਾਂ ਤੇ ਇਤਿਹਾਸ)' ਪਾਠ-ਪੁਸਤਕ ਵਿੱਚ ਦਰਜ ਸ੍ਰੀ ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ।
3. ਗੁਰਬਖ਼ਸ਼ ਸਿੰਘ ਅਨੁਸਾਰ ਦੁਨੀਆਂ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਹੈ ?
4. ਕਿਸ ਆਲੋਚਕ ਨੇ ਨਾਵਲ ਨੂੰ 'ਰੋਜ਼ਨਾਮਚਾ' ਕਿਹਾ ਹੈ ?
5. ਉਪਮਾ ਅਲੰਕਾਰ ਵਿੱਚ ਕਿੰਨੇ ਤੱਤਾਂ ਦਾ ਇਕੱਠੇ ਹੋਣਾ ਜ਼ਰੂਰੀ ਹੈ?

ਭਾਗ (ਅ) ਬਹੁ-ਚੋਣਵੇਂ ਪ੍ਰਸ਼ਨ:

1. ਦੁਨੀਆਂ ਕਿਸ ਪ੍ਰੀਤ ਨਾਇਕਾ ਨੂੰ ਨਿੰਦਦੀ ਰਹੀ ਹੈ ?

(ੳ) ਲੈਲਾ ਨੂੰ (ਅ) ਸ਼ੀਰੀ ਨੂੰ (ੲ) ਸਾਹਿਬਾਂ ਨੂੰ (ਸ) ਸੋਹਣੀ ਨੂੰ

2. 'ਨਿਮਾਣਿਆਂ ਦੀ ਰੱਬਾ ਰੱਬਾ ਹੋਈ' ਕਾਫ਼ੀ ਵਿੱਚ 'ਰੱਬਾ ਰੱਬਾ ਹੋਈ' ਤੋਂ ਕੀ ਭਾਵ ਹੈ?

(ੳ) ਤੋਬਾ-ਤੋਬਾ ਹੋਈ (ਅ) ਜੈ-ਜੈਕਾਰ ਹੋਈ

(ੲ) ਬੱਲੇ-ਬੱਲੇ ਹੋਈ (ਸ) ਚੰਗਾ-ਚੰਗਾ ਹੋਈ

3. ਦਾਰਾ ਸਿੰਘ ਨੇ ਆਪਣਾ ਸੈਕਟਰੀ ਕਿਸਨੂੰ ਬਣਾਇਆ ?

(ੳ) ਰਾਮ ਸਿੰਘ ਨੂੰ (ਅ) ਲਲਿਤ ਭਾਈ ਨੂੰ

(ੲ) ਬਾਬੂ ਭਾਈ ਮਿਸਤਰੀ ਨੂੰ (ਸ) ਦਰਸ਼ਨ ਨੂੰ

4. ਚੌਪਈ ਛੰਦ ਦੀ ਇੱਕ ਤੁਕ ਵਿੱਚ ਕਿੰਨੀਆਂ ਮਾਤਰਾਂ ਹੁੰਦੀਆਂ ਹਨ?

(ੳ) 12 ਜਾਂ 13 (ਅ) 13 ਜਾਂ 14

(ੲ) 14 ਜਾਂ 15 (ਸ) 15 ਜਾਂ 16

5. ਨਾਟਕ ਦੇ ਰਚਨਾਤਮਿਕ ਸੰਦਰਭ ਵਿੱਚ ਕਿੰਨੀਆਂ ਏਕਤਾਵਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ?

(ੳ) ਤਿੰਨ (ਅ) ਚਾਰ

(ੲ) ਪੰਜ (ਸ) ਛੇ

ਭਾਗ (ੲ) ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਕਥਨ ਸਹੀ ਹਨ ਅਤੇ ਕਿਹੜੇ ਗ਼ਲਤ:

1. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਿੱਸਾ 'ਮਿਰਜ਼ਾ-ਸਾਹਿਬਾਂ' ਦਮੋਦਰ ਦੀ ਰਚਨਾ ਹੈ।
2. ਜਸਵੰਤ ਸਿੰਘ ਨੇਕੀ ਨੇ ਆਪਣੀ ਸ੍ਵੈਜੀਵਨੀ ਕਵਿਤਾ ਰੂਪ ਵਿੱਚ ਲਿਖੀ ਹੈ।
3. ਪ੍ਰਭਜੋਤ ਕੌਰ ਨੂੰ 'ਮੋਤੀਆ' ਨਾਂ ਬਹੁਤ ਪਸੰਦ ਸੀ।
4. ਗੁਰਬਖ਼ਸ਼ ਸਿੰਘ ਪ੍ਰੀਤਲੜੀ ਉੱਤੇ ਟਾਲਸਟਾਏ ਦੇ ਸਾਹਿਤ ਦਾ ਬਹੁਤ ਪ੍ਰਭਾਵ ਸੀ।
5. ਦ੍ਰਿਸ਼ਟਾਂਤ ਅਲੰਕਾਰ ਇੱਕ ਸ਼ਬਦ ਅਲੰਕਾਰ ਹੈ।

ਭਾਗ (ਸ) ਖਾਲੀ ਥਾਂਵਾਂ ਭਰੋ:

1. ਪੂਰਨ ਸਿੰਘ ਲਈ ਐਬਟਾਬਾਦ ਇੱਕ ਨਵਾਂ..................ਸੀ।
2. ਗੁਰੂ ਅੰਗਦ ਦੇਵ ਜੀ ਦੇ ਕਥਨ'ਹਉਮੈ...........ਰੋਗੁ ਹੈ' ਨੂੰ ਪੂਰਾ ਕਰੋ।
3. ਰਾਂਝੇ ਨੇ ਜੋਗ ਲੈਣ ਲਈ .....................ਕੋਲ਼ ਬੇਨਤੀ ਕੀਤੀ।
4. ਸ਼ਾਹ ਮੁਹੰਮਦ ਨੇ 'ਜੰਗਨਾਮਾ' ...............ਛੰਦ ਵਿੱਚ ਲਿਖਿਆ ਹੈ।
5. ਸਫ਼ਰਨਾਮਾ ਮਨੁੱਖ ਦੀ .....................ਮਨੋਬਿਰਤੀ ਦੀ ਪੈਦਾਵਾਰ ਹੈ।

3. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 2+5=7

ੳ. ਵੱਡੇ ਉੱਚੇ ਮਹਲ ਉਸਾਰਿਓ, ਗੋਰ ਨਿਮਾਣੀ ਘਰੁ ਵੋ|
ਜਿਸ ਦੇਹੀ ਤੂ ਮਾਣ ਕਰੇਨੈਂ, ਜਿਉਂ ਪਰਛਾਂਵੇਂ ਢਰੁ ਵੋ।
ਛੋੜ ਤ੍ਰਿਖਾਇ ਪਕੜਿ ਹਲੀਮੀ, ਭੈ ਸਾਹਿਬ ਥੀਂ ਡਰੁ ਵੋ।
ਕਹੇ ਹੁਸੈਨ ਹਯਾਤੀ ਲੋੜੇਂ, ਤਾ ਮਰਨ ਥੀਂ ਅਗੇ ਮਰ ਵੋ।

ਅ. ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।। ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ।।

4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 5

(ੳ) ਮੂੰਹ ਆਈ ਬਾਤ ਨਾ ਰਹਿੰਦੀ ਏ (ਬੁੱਲ੍ਹੇ ਸ਼ਾਹ)
(ਅ) ਨਾਵਣ ਚਲੇ ਤੀਰਥੀ (ਸ੍ਰੀ ਗੁਰੂ ਨਾਨਕ ਦੇਵ ਜੀ)

5. ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਉੱਪਰ ਇੱਕ ਨੋਟ ਲਿਖੋ। 10

ਜਾਂ

ਪੰਜਾਬੀ ਕਿੱਸਾ-ਕਾਵਿ ਧਾਰਾ ਦੇ ਮੁੱਢ ਅਤੇ ਵਿਕਾਸ ਬਾਰੇ ਦੱਸੋ।

6. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ: 4×4=16

(ੳ) ਐਬਟਾਬਾਦ ਦਾ ਜ਼ਿਕਰ ਕਰਦੇ ਹੋਏ ਲੇਖਕ ਨੇ ਨਾਂ ਰੱਖਣ ਦੀ ਮਹੱਤਤਾ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਜੀਨੀ, ਮਨੂੰ ਅਤੇ ਜੱਨਤ ਨੂੰ ਅਮਰੀਕਾ ਵਿੱਚ ਕਿਉਂ ਨਹੀਂ ਪੜ੍ਹਾਉਣਾ ਚਾਹੁੰਦੀ ਸੀ ?

(ੲ) ਸਰਦਾਰਾ ਸਿੰਘ ਜੌਹਲ ਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਸੀ ਅਤੇ ਇਸ ਤੋਂ ਬਚਣ ਲਈ ਉਹ ਕੀ ਅਰਦਾਸ ਕਰਦਾ ਸੀ ?

(ਸ) ਫ਼ਿਲਮਾਂ ਵਿੱਚ ਦਾਰਾ ਸਿੰਘ ਦੀ ਮਸ਼ਹੂਰੀ ਵੇਖ ਕੇ ਕੁਸ਼ਤੀ-ਪ੍ਰੇਮੀਆਂ ਦਾ ਕੀ ਪ੍ਰਤਿਕਰਮ ਸੀ ?

(ਹ) ਪ੍ਰੋ. ਸਾਹਿਬ ਸਿੰਘ ਨੂੰ ਆਪਣੇ ਵਿਦਿਆਰਥੀ-ਜੀਵਨ ਵਿੱਚ ਕਿਸ ਪ੍ਰਕਾਰ ਦੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ ?ਸੰਖੇਪ ਵਿੱਚ ਦੱਸੋ।

(ਕ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ 'ਤੇ ਤਿਉੜੀ ਕਿਉਂ ਪੈ ਗਈ ਸੀ?

(ਖ) ਮੁਕਾਬਲੇ ਦੀ ਪਰੀਖਿਆ ਵਿੱਚ ਲੇਖਕ ਦੀ ਸਫਲਤਾ ਦਾ ਭੇਦ ਕੀ ਸੀ? 'ਤਖ਼ਤ ਜਾਂ ਤਖ਼ਤਾ' ਦੇ ਆਧਾਰ 'ਤੇ ਲਿਖੋ।

7. ‘ਸਾਹਿਤ-ਬੋਧ’ ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਉੱਪਰ ਨੋਟ ਲਿਖੋ: 2+4+1=7

(ੳ) ਕਵਿਤਾ

(ਅ) ਨਿਬੰਧ

(ੲ) ਨਿੱਕੀ ਕਹਾਣੀ

8. ਹੇਠ ਲਿਖੇ ਭਾਗਾਂ ’ਤੇ ਉਦਾਹਰਨ ਸਹਿਤ ਨੋਟ ਲਿਖੋ: 5+5+5=15

(ੳ) ਕਬਿੱਤ ਛੰਦ ਜਾਂ ਦਵਈਆ ਛੰਦ

(ਅ) ਅਨੁਪ੍ਰਾਸ ਜਾਂ ਦ੍ਰਿਸ਼ਟਾਂਤ ਅਲੰਕਾਰ

(ੲ) ਕਰੁਣਾ ਰਸ ਜਾਂ ਸ਼ਾਂਤ ਰਸ